The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

22 September 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਮਾਪਿਆਂ ਦੀ ਤੰਬਾਕੂਨੋਸ਼ੀ ਬੱਚਿਆਂ ਲਈ ਕਿਵੇਂ ਬਣਦੀ ਹੈ ਜਾਨਲੇਵਾ ?




ਅਮਰੀਕਾ ਦੀ ਇੱਕ ਰਿਸਰਚ ਮੁਤਾਬਰ ਜੇਕਰ ਬੱਚਿਆਂ ਦਾ ਪਾਲਣ-ਪੋਸ਼ਣ ਸਿਗਰਟ ਪੀਣ ਵਾਲੇ ਮਾਪਿਆਂ ਵੱਲੋਂ ਕੀਤਾ ਜਾਂਦਾ ਹੈ ਤਾਂ ਸਿਗਰਟ ਨਾ ਪੀਣ ਦੇ ਬਾਵਜੂਦ ਬਾਲਗ ਅਵਸਥਾ ਵਿੱਚ ਪਹੁੰਚਣ 'ਤੇ ਉਹ ਫੇਫੜਿਆਂ ਦੀ ਗੰਭੀਰ ਬਿਮਾਰੀ ਦੇ ਸ਼ਿਕਾਰ ਹੋ ਸਕਦੇ ਹਨ ਅਤੇ ਉਨ੍ਹਾਂ 'ਤੇ ਮੌਤ ਦਾ ਖ਼ਤਰਾ ਮੰਡਰਾਉਣ ਲਗਦਾ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਸਿਗਰਟ ਨਾ ਪੀਣ ਵਾਲੇ ਲੋਕਾਂ ਦੀਆਂ ਹੋਣ ਵਾਲੀਆਂ ਇੱਕ ਲੱਖ ਮੌਤਾਂ ਵਿੱਚੋਂ 7 ਬਚਪਨ ਵਿੱਚ ਸਿਗਰਟਨੋਸ਼ੀ ਵਾਲਿਆਂ ਕੋਲ ਬੈਠਣ ਕਰਕੇ ਹੋ ਸਕਦੀਆਂ ਹਨ। ਇਹ ਸਰਵੇਖਣ ਅਮਰੀਕਾ ਦੀ ਕੈਂਸਰ ਸੁਸਾਇਟੀ ਦੀ ਅਗਵਾਈ ਵਿੱਚ 70,900 ਨਾਨ-ਸਮੋਕਿੰਗ ਮਰਦਾਂ ਅਤੇ ਔਰਤਾਂ 'ਤੇ ਕੀਤਾ ਗਿਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਆਪਣੇ ਬੱਚਿਆਂ ਨੂੰ ਬਚਾਉਣ ਦਾ ਬਿਹਤਰ ਤਰੀਕਾ ਮਾਪਿਆਂ ਨੂੰ ਸਿਗਰਟ ਛੱਡਣਾ ਸੀ।ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਜੇਕਰ ਲੋਕ ਆਪਣੀ ਬਾਲਗ ਅਵਸਥਾ ਵਿੱਚ 'ਸਮੋਕਰ' ਦੇ ਨਾਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਸਿਹਤ ਸਬੰਧੀ ਹੋਰ ਸਮੱਸਿਆਵਾਂ ਹੋ ਸਕਦੀਆਂ ਹਨ। ਸਿਗਰਟ ਨਾ ਪੀਣ ਵਾਲਿਆਂ ਨਾਲ ਰਹਿਣ ਦੇ ਮੁਕਾਬਲੇ ਸਿਗਰਟ ਪੀਣ ਵਾਲਿਆਂ ਦਾ ਹਰ ਹਫ਼ਤੇ ਇਸਕੀਮੀਆ ਦਿਲ ਦੀ ਬਿਮਾਰੀ ਨਾਲ 27 ਫ਼ੀਸਦ, ਦੌਰਾ ਪੈਣ ਨਾਲ 23 ਫ਼ੀਸਦ ਅਤੇ ਫੇਫੜਿਆਂ ਦੀ ਬਿਮਾਰੀ ਨਾਲ 42 ਫ਼ੀਸਦ ਮੌਤਾਂ ਹੋਣ ਦਾ ਖ਼ਤਰਾ ਹਰ ਹਫ਼ਤੇ 10 ਘੰਟੇ ਵਧ ਜਾਂਦਾ ਹੈ।

**ਇਹ ਸਰਵੇਖਣ ਅਮਰੀਕੀ ਜਰਨਲ ਆਫ਼ ਵਿੱਚ ਛਪੀ ਸੀ।**

**ਬਾਹਰ ਜਾ ਕੇ ਕੀਤੀ ਜਾਵੇ ਤੰਬਾਕੂਨੋਸ਼ੀ**




ਤੰਬਾਕੂਨੋਸ਼ੀ ਅਤੇ ਸਿਹਤ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਗਰੁੱਪ ਦੀ ਮੈਂਬਰ ਹੇਜ਼ਲ ਚੀਸੀਮੈਨ ਕਹਿੰਦੀ ਹੈ,"ਇਸ ਨਵੇਂ ਸਰਵੇਖਣ ਸਟੱਡੀ ਤੋਂ ਇਹ ਬਿਲਕੁਲ ਸਾਫ਼ ਹੈ ਕਿ ਬੱਚਿਆਂ ਨੂੰ ਬੁਰੇ ਅਸਰ ਤੋਂ ਬਚਾਉਣ ਲਈ ਸਿਗਰਟਨੋਸ਼ੀ ਬਾਹਰ ਜਾ ਕੇ ਹੀ ਕਰਨੀ ਚਾਹੀਦੀ ਹੈ।" "ਹਾਲਾਂਕਿ ਬੱਚਿਆਂ ਨੂੰ ਇਸ ਦੇ ਮਾੜੇ ਅਸਰ ਤੋਂ ਬਚਾਉਣਾ ਹੈ ਤਾਂ ਮਾਤਾ-ਪਿਤਾ ਦੋਵਾਂ ਨੂੰ ਸਿਗਰਟ ਪੀਣੀ ਛੱਡ ਦੇਣੀ ਚਾਹੀਦੀ ਹੈ।" ਉਨ੍ਹਾਂ ਨੇ ਐਨਐਚਐਸ ਸਟੌਪ ਸਮੋਕਿੰਗ ਸਰਵਿਸ ਦੀਆਂ ਡਾਟਾ ਜਾਣਕਾਰੀਆਂ ਦੇ ਹਵਾਲੇ ਨਾਲ ਮੰਗ ਕੀਤੀ ਹੈ ਕਿ ਇੰਗਲੈਂਡ ਵਿੱਚ ਖਾਸ ਕਰਕੇ ਇਨ੍ਹਾਂ ਮਾਮਲਿਆਂ ਵਿੱਚ ਫਡਿੰਗ ਵਧਾਉਣ ਦੀ ਲੋੜ ਹੈ। ਬ੍ਰਿਟਿਸ਼ ਲੰਗਜ਼ ਫਾਉਂਡੇਸ਼ਨ ਦੇ ਮੈਡੀਕਲ ਅਡਵਾਈਜ਼ਰ ਡਾ. ਨਿੱਕ ਹੋਪਕਿੰਸਨ ਵੀ ਇਸ ਗੱਲ ਨਾਲ ਸਹਿਮਤ ਹਨ, "ਲਗਾਤਾਰ ਸਿਗਰਟਨੋਸ਼ੀ ਦਾ ਅਸਰ ਬਚਪਨ 'ਤੇ ਹੀ ਨਹੀਂ ਸਗੋਂ ਬਚਪਨ ਦੇ ਅੱਗੇ ਤੱਕ ਪੈਂਦਾ ਹੈ।" "ਬਦਕਿਸਮਤੀ ਨਾਲ ਇੰਗਲੈਂਡ ਵਿੱਚ ਸਟੌਪ ਸਮੋਕਿੰਗ ਵਰਗੀ ਸਰਵਿਸ ਨੂੰ ਬੰਦ ਕੀਤਾ ਜਾ ਰਿਹਾ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚਿਆਂ ਦੇ ਮਾਤਾ-ਪਿਤਾ ਅਤੇ ਗਰਭਵਤੀ ਔਰਤਾਂ, ਜਿਹੜੇ ਕਿ ਸਿਗਰਟਨੋਸ਼ੀ ਕਰਦੇ ਹਨ, ਉਨ੍ਹਾਂ ਨੂੰ ਇਸਦੇ ਉਮਰ ਭਰ ਦੇ ਮਾੜੇ ਨਤੀਜਿਆਂ ਵਿੱਚੋਂ ਬਾਹਰ ਕੱਢਣ 'ਚ ਮਦਦ ਕੀਤੀ ਜਾਵੇ।"

## ਜ਼ਿੰਦਗੀ ਭਰ ਦਾ ਖ਼ਤਰਾ

ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਸਿਗਰਟਨੋਸ਼ੀ ਕਰਦੇ ਹਨ, ਉਨ੍ਹਾਂ ਬੱਚਿਆਂ ਵਿੱਚ ਅਕਸਰ ਅਸਥਮਾ ਅਤੇ ਫੇਫ਼ੜਿਆਂ ਦੇ ਖ਼ਰਾਬ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਸਟੱਡੀ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਬੱਚਿਆਂ ਦੇ ਸਾਹਮਣੇ ਸਿਗਰਟ ਪੀਂਦੇ ਹਨ, ਉਨ੍ਹਾਂ ਬੱਚਿਆਂ ਵਿੱਚ ਹੌਲੀ-ਹੌਲੀ ਫੇਫ਼ੜਿਆਂ ਦੀ ਬਿਮਾਰੀ ਸ਼ੁਰੂ ਹੁੰਦੀ ਹੈ, ਉਹ ਉਨ੍ਹਾਂ ਦੇ ਜਵਾਨ ਹੋਣ ਤੱਕ ਰਹਿੰਦੀ ਹੈ ਅਤੇ ਕਾਫ਼ੀ ਵਧ ਜਾਂਦੀ ਹੈ। ਹਾਲਾਂਕਿ ਮੌਤ ਦਰ ਉੱਤੇ ਧਿਆਨ ਦਿੱਤਾ ਜਾਵੇ ਤਾਂ ਰਿਸਰਚ ਕਹਿੰਦੀ ਹੈ ਕਿ ਸੈਕਿੰਡ ਹੈਂਡ ਤੰਬਾਕੂਨੋਸ਼ੀ ਕਾਰਨ ਹੌਲੀ-ਹੌਲੀ ਬਿਮਾਰੀ ਵਧਦੀ ਹੈ ਅਤੇ ਬਾਅਦ ਵਿੱਚ ਉਮਰ ਭਰ ਲਈ ਬਿਮਾਰੀਆਂ ਝੱਲਣੀਆਂ ਪੈ ਸਕਦੀਆਂ ਹਨ।

# ਅਮਰੀਕਾ 'ਚ ਜੇਲ ਦਾ ਸਾਫਟਵੇਅਰ ਹੈਕ ਕਰਕੇ 364 ਕੈਦੀਆਂ ਨੇ ਚੁਰਾਏ ਡੇਢ ਕਰੋੜ ਰੁਪਏ, ਪੈਸੇ ਨੂੰ ਅਕਾਊਂਟ ਵਿੱਚ ਟਰਾਂਸਫਰ ਵੀ ਕੀਤਾ



ਅਮਰੀਕਾ ਦੇ ਈਹਾਡੋ ਦੀ ਜੇਲ 'ਚ 364 ਕੈਦੀਆਂ ਨੇ ਜੇਲ੍ਹ ਦੇ ਇੱਕ ਸਾਫਟਵੇਅਰ ਨੂੰ ਹੈਕ ਕਰਕੇ 2 ਲੱਖ 25 ਹਜਾਰ ਡਾਲਰ ਚੁਰਾ ਲਏ, ਅਤੇ ਪੈਸਾ ਆਪਣੇ ਅਕਾਊਂਟ ਵਿੱਚ ਟਰਾਂਸਫਰ ਵੀ ਕਰ ਲਿਆ। ਇਨ੍ਹਾਂ ਵਿੱਚੋਂ ਪੰਜਾਹ ਕੈਦੀਆਂ ਨੂੰ ਇੱਕ ਹਜ਼ਾਰ ਡਾਲਰ ਅਤੇ ਬਾਕੀਆਂ ਨੂੰ ਨੌਂ ਹਜ਼ਾਰ ਡਾਲਰ ਮਿਲੇ। ਅਜੇ ਇਸ ਗੱਲ ਦਾ ਖ਼ੁਲਾਸਾ ਨਹੀਂ ਹੋ ਕਿ ਕੈਦੀਆਂ ਨੇ ਇਸ ਵਾਰਦਾਤ ਨੂੰ ਕਿਸ ਤਰ੍ਹਾਂ ਅੰਜਾਮ ਦਿੱਤਾ। ਹਾਲਾਂਕਿ ਕੈਦੀਆਂ ਤੋਂ 65 ਹਜ਼ਾਰ ਡਾਲਰ ਵਸੂਲ ਕਰ ਵੀ ਲਏ ਗਏ ਹਨ

ਜੇਲ੍ਹ ਦੇ ਸੁਪਰਡੈਂਟ ਨੇ ਦੱਸਿਆ ਜੇਪੇ ਨਾਮ ਦੀ ਇੱਕ ਪ੍ਰਾਈਵੇਟ ਫਰਮ ਨੇ ਕੈਦੀਆਂ ਨੂੰ ਇੱਕ ਮੋਬਾਈਲ ਫੋਨ ਵਰਗੀ ਡਿਵਾਈਸ ਦਿੱਤੀ ਸੀ, ਇਸ ਦੇ ਜ਼ਰੀਏ ਕੈਦੀ ਮਨੀ ਟਰਾਂਸਫਰ ਮਿਊਜ਼ਿਕ, ਗੇਮ ਡਾਊਨਲੋਡ ਕਰਨ ਤੋਂ ਇਲਾਵਾ ਘਰ ਆਪਣੇ ਪਰਿਵਾਰ ਵਾਲਿਆਂ ਨਾਲ ਗੱਲ ਵੀ ਕਰਦੇ ਸਨ, ਇਸ ਤੋਂ ਇਲਾਵਾ ਜੇਲ੍ਹ ਪ੍ਰਸ਼ਾਸਨ ਕੈਦੀਆਂ ਨੂੰ ਇਸ ਸਿਸਟਮ ਦੇ ਜ਼ਰੀਏ ਹੀ ਉਨ੍ਹਾਂ ਦੇ ਕੀਤੇ ਹੋਏ ਕੰਮ ਦੀ ਪੇਮੈਂਟ ਵੀ ਕਰਦਾ ਸੀ। ਕੈਦੀਆਂ ਨੇ ਚਲਾਕੀ ਨਾਲ ਜੇ ਪੀ ਸਿਸਟਮ ਵਿੱਚ ਗੜਬੜੀ ਪੈਦਾ ਕਰ ਦਿੱਤੀ ਜਿਸ ਨਾਲ ਜੇਲ੍ਹ ਵੱਲੋਂ ਉਨ੍ਹਾਂ ਨੂੰ ਕ੍ਰੈਡਿਟ ਹੋਣ ਵਾਲੀ ਰਕਮ ਵੱਧ ਗਈ। ਹੁਣ ਤੱਕ ਲਗਭਗ ਡੇਢ ਕਰੋੜ ਰੁਪਏ ਦੀ ਚੋਰੀ ਸਾਹਮਣੇ ਆਈ ਹੈ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਕੈਦੀਆਂ ਨੂੰ ਜੇਪੇ ਸਿਸਟਮ ਬਾਰੇ ਸਮਝਾਇਆ ਗਿਆ ਸੀ। ਇਸ ਸਿਸਟਮ ਦੇ ਇੱਕ ਇੰਜੀਨੀਅਰ ਨੇ ਕਿਹਾ ਕਿ ਸਾਡੀ ਕੰਪਨੀ ਕੈਦੀਆਂ ਨੂੰ ਉਨ੍ਹਾਂ ਦੇ ਦੋਸਤਾਂ ਅਤੇ ਪਰਿਵਾਰ ਵਾਲਿਆਂ ਨਾਲ ਗੱਲ ਕਰਵਾਉਣ 'ਚ ਮਦਦ ਕਰਦੀ ਹੈ, ਸਾਡੀ ਇਸ ਡਿਵਾਈਸ ਨਾਲ ਐਜੂਕੇਸ਼ਨਲ ਪ੍ਰੋਗਰਾਮ, ਮਿਊਜਿਕ ਅਤੇ ਗੇਮਾਂ ਵੀ ਡਾਉਂਨਲੋਡ ਕੀਤੀਆਂ ਜਾ ਸਕਦੀਆਂ ਹਨ। ਫਿਲਾਹਾਲ ਕੰਪਨੀ ਨੇ ਇਸ ਡਿਵਾਈਸ ਨਾਲ ਮਨੀ ਟਰਾਂਸਫਰ, ਗੇਮ, ਮਿਊਜਿਕ ਦੀਆਂ ਸੁਵਿਧਾਵਾਂ ਬੰਦ ਕਰ ਦਿੱਤੀਆਂ ਹਨ ਕੈਦੀ ਇਸ ਨਾਲ ਹੁਣ ਸਿਰਫ ਈ-ਮੇਲ ਹੀ ਕਰ ਸਕਦੇ ਹਨ।

# ਪ੍ਰੇਮੀ ਨਾਲ ਇਤਰਾਜ਼ਯੋਗ ਹਾਲਤ 'ਚ ਫੜੇ ਜਾਣ 'ਤੇ ਔਰਤ ਨੇ ਪਤੀ ਦੇ ਗੁਪਤ ਅੰਗ 'ਤੇ ਵੱਢੀ ਦੰਦੀ

ਤਾਮਿਲਨਾਡੂ ਵਿਚ ਇਕ 45 ਸਾਲਾ ਔਰਤ ਨੂੰ ਉਸਦੇ ਪ੍ਰੇਮੀ ਨਾਲ ਇਤਰਾਜ਼ਯੋਗ ਹਾਲਤ ਵਿਚ ਫੜੇ ਜਾਣ 'ਤੇ ਔਰਤ ਨੇ ਆਪਣੇ ਪਤੀ ਦੇ ਗੁਪਤ ਅੰਗ 'ਤੇ ਦੰਦੀ ਵੱਢ ਦਿੱਤੀ। ਘਟਨਾ ਵੇਲੋਰ ਦੇ ਗੁੜੀਆਥਮ ਸਥਿਤ ਤੁਰਇਮਲਾਈ ਪਿੰਡ ਦੀ ਦੱਸੀ ਜਾ ਰਹੀ ਹੈ। ਦੋਸ਼ੀ ਔਰਤ ਖਿਲਾਫ ਪੁਲਸ ਨੇ ਹੱਤਿਆ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਔਰਤ ਦੇ ਪਤੀ ਨੂੰ ਪਹਿਲਾਂ ਵੇਲੋਰ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਪਰ ਗੰਭੀਰ ਹਾਲਤ ਦੇਖਦੇ ਹੋਏ ਉਸ ਨੂੰ ਡਾਕਟਰਾਂ ਨੇ ਚੇਨਈ ਦੇ ਰਾਜੀਵ ਗਾਂਧੀ ਮੈਡੀਕਲ ਕਾਲਜ ਵਿਚ ਰੈਫਰ ਕਰ ਦਿੱਤਾ।

# ਜਦੋਂ ਇੱਕੋ ਹਸਪਤਾਲ ਦੀਆਂ 16 ਨਰਸਾਂ ਇੱਕੋ ਸਮੇਂ ਗਰਭਵਤੀ ਹੋਈਆਂ



ਐਰੀਜ਼ੋਨਾ: ਅਮਰੀਕਾ ਦੇ ਮੀਸਾ ਸਥਿਤ ਡਿਜ਼ਰਟ ਮੈਡੀਕਲ ਸੈਂਟਰ ਦੇ ਆਈਸੀਯੂ ਵਿੱਚ 16 ਨਰਸਾਂ ਕੰਮ ਕਰਦੀਆਂ ਹਨ ਪਰ ਸਾਰੀਆਂ ਨਰਸਾਂ ਹੀ ਗਰਭਵਤੀ ਹਨ। ਉਹ ਅਕਤੂਬਰ ਤੋਂ ਜਨਵਰੀ ਵਿੱਚ ਬੱਚਿਆਂ ਨੂੰ ਜਨਮ ਦੇ ਸਕਦੀਆਂ ਹਨ। ਇਸ ਨਾਲ ਹਸਪਤਾਲ ਦੇ ਪ੍ਰਬੰਧਕਾਂ ਨੂੰ ਖਾਸੀ ਪ੍ਰੇਸ਼ਾਨੀ ਹੋ ਰਹੀ ਹੈ ਕਿਉਂਕਿ ਗਰਭਵਤੀ ਨਰਸਾਂ ਦੇ ਛੁੱਟੀ 'ਤੇ ਚਲੇ ਜਾਣ ਬਾਅਦ ਮਰੀਜ਼ਾਂ ਦੀ ਦੇਖ-ਰੇਖ ਕਰਨ ਲਈ ਨਵੀਆਂ ਨਰਸਾਂ ਦੀ ਲੋੜ ਪਏਗੀ। ਇਸ ਲਈ ਹੁਣ ਨਵੀਆਂ ਨਰਸਾਂ ਨੂੰ ਕੰਮਕਾਜ ਸਿਖਾਇਆ ਜਾ ਰਿਹਾ ਹੈ ਤਾਂ ਕਿ ਮਰੀਜ਼ਾਂ ਦੀ ਦੇਖਰੇਖ ਵਿੱਚ ਕੋਈ ਅਸਰ ਨਾ ਪਏ।

**ਫੇਸਬੁੱਕ ਤੋਂ ਹੋਇਆ ਖੁਲਾਸਾ**

ਨਰਸਾਂ ਦਾ ਕਹਿਣਾ ਹੈ ਕਿ ਡਿਊਟੀ ਦੌਰਾਨ ਇਸ ਸਬੰਧੀ ਉਨ੍ਹਾਂ ਦੀ ਆਪਸ ਵਿੱਚ ਕੋਈ ਗੱਲਬਾਤ ਨਹੀਂ ਹੁੰਦੀ ਸੀ। ਕੁਝ ਸਮਾਂ ਪਹਿਲਾਂ ਉਨ੍ਹਾਂ ਇੱਕ-ਇੱਕ ਕਰਕੇ ਗਰਭਵਤੀ ਮਹਿਲਾਵਾਂ ਲਈ ਬਣੇ ਹਸਪਤਾਲ ਦੇ ਫੇਸਬੁੱਕ ਗਰੁੱਪ ਚੈਟ ਵਿੱਚ ਹਿੱਸਾ ਲਿਆ ਤਾਂ ਇਸ ਗੱਲ ਦਾ ਖੁਲਾਸਾ ਹੋਇਆ ਕਿ ਸਾਰੀਆਂ ਨਰਸਾਂ ਗਰਭਵਤੀ ਹਨ।

**ਨਰਸਾਂ ਦੀ ਵੀ ਦੇਖਭਾਲ ਕਰ ਰਿਹਾ ਹਸਪਤਾਲ**

ਹਸਪਤਾਲ ਦੇ ਨਿਰਦੇਸ਼ਕ ਹੀਥਰ ਫਰਾਂਸਿਸ ਨੇ ਦੱਸਿਆ ਕਿ ਨਰਸਾਂ ਦੇ ਛੁੱਟੀ 'ਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਆਈਸੀਯੂ ਵਿੱਚ ਕੰਮ ਕਰਨ ਦੌਰਾਨ ਸਾਰੀਆਂ ਗਰਭਵਤੀ ਨਰਸਾਂ ਨੂੰ ਇਨਫੈਕਸ਼ਨ ਦਾ ਖਤਰਾ ਵੀ ਵਧ ਗਿਆ ਹੈ। ਇਸ ਲਈ ਉਨ੍ਹਾਂ ਦੀ ਵੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਇੰਨੀਆਂ ਨਰਸਾਂ ਦੇ ਗਰਭਵਤੀ ਹੋਣ ਨਾਲ ਮਰੀਜ਼ ਵੀ ਹੈਰਾਨ ਹਨ।

# ਉੱਤਰੀ ਕੋਰੀਆ ਨੇ ਜਾਪਾਨੀ ਸੈਲਾਨੀ ਨੂੰ ਦੇਸ਼ 'ਚੋਂ ਕੱਢਿਆ

ਪਿਓਂਗਯਾਂਗ/ਟੋਕੀਓ — ਉੱਤਰੀ ਕੋਰੀਆ ਨੇ ਜਾਣਕਾਰੀ ਦਿੱਤੀ ਹੈ ਕਿ ਹਿਰਾਸਤ ਵਿਚ ਲਏ ਗਏ ਇਕ ਜਾਪਾਨੀ ਸ਼ਖਸ ਨੂੰ ਦੇਸ਼ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇਕ ਸਮਾਚਾਰ ਏਜੰਸੀ ਨੇ ਕੱਲ ਕਿਹਾ ਕਿ ਤੋਮੋਯੁਕੀ ਸੁਗੀਮੋਤੋ ਨੂੰ ਉਸ ਦੇ ਅਪਰਾਧ ਦੇ ਬਾਰੇ ਵਿਚ ਪੁੱਛਗਿੱਛ ਕਰਨ ਲਈ ਹਿਰਾਸਤ ਵਿਚ ਲਿਆ ਗਿਆ ਸੀ। ਭਾਵੇਂਕਿ ਏਜੰਸੀ ਨੇ ਉਸ ਦੇ ਅਪਰਾਧ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਇਕ ਛੋਟੀ ਖਬਰ ਵਿਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੇ ਮਨੁੱਖਤਾ ਦੇ ਸਿਧਾਂਤ 'ਤੇ ਨਰਮਾਈ ਵਰਤਦੇ ਹੋਏ ਉਸ ਨੂੰ ਛੱਡਣ ਅਤੇ ਦੇਸ਼ ਵਿਚੋਂ ਬਾਹਰ ਕੱਢਣ ਦਾ ਫੈਸਲਾ ਲਿਆ। ਉਨ੍ਹਾਂ ਨੇ ਸੁਗੀਮੋਤੋ ਨੂੰ ਸੈਲਾਨੀ ਦੱਸਿਆ। ਜਾਪਾਨੀ ਸਰਕਾਰ ਨੇ ਦੋ ਹਫਤੇ ਪਹਿਲਾਂ ਹੀ ਪੁਸ਼ਟੀ ਕੀਤੀ ਸੀ ਕਿ ਉਹ ਉਨ੍ਹਾਂ ਰਿਪੋਰਟਾਂ ਦੀ ਜਾਂਚ ਕਰ ਰਹੀ ਹੈ ਕਿ ਉਸ ਦੇ ਇਕ ਨਾਗਰਿਕ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਜਾਪਾਨ ਦੀ ਇਕ ਨਿਊਜ਼ ਏਜੰਸੀ ਨੇ ਇਕ ਸਰਕਾਰੀ ਸੂਤਰ ਦੇ ਹਵਾਲੇ ਨਾਲ ਦੱਸਿਆ ਕਿ ਇਹ ਸ਼ਖਸ ਵੀਡੀਓਗ੍ਰਾਫਰ ਮੰਨਿਆ ਜਾ ਰਿਹਾ ਹੈ ਅਤੇ ਉਸ 'ਤੇ ਇਕ ਮਿਲਟਰੀ ਕੇਂਦਰ ਦੀ ਵੀਡੀਓ ਬਣਾਉਣ ਦਾ ਸ਼ੱਕ ਹੈ

# ਕੀ ਤੁਸੀਂ ਜਾਣਦੇ ਹੋ ? ਕਿਸ ਦੇ ਰਾਜ ਵਿੱਚ ਭਾਰਤ ਦਾ ਸਭ ਤੋਂ ਵੱਧ ਵਿਕਾਸ ਹੋਇਆ

ਇਕ ਨਾਮੀ ਰਸਾਲੇ ਵਲੋਂ ਰਾਸ਼ਟਰੀ ਸਰਵੇਖਣ ਕਰਵਾਇਆ ਗਿਆ ਜਿਸ ਵਿਚ ਆਮ ਭਾਰਤੀਆਂ ਤੋਂ ਪੁਛਿਆ ਗਿਆ ਕਿ ਦੇਸ਼ ਦੇ ਸੱਭ ਤੋਂ ਵਧੀਆ ਪ੍ਰਧਾਨ ਮੰਤਰੀ ਕੌਣ ਰਹੇ ਹਨ ? ਪਹਿਲੇ ਸਥਾਨ ਤੇ ਨਰਿੰਦਰ ਮੋਦੀ (26%), ਫਿਰ ਇੰਦਰਾ ਗਾਂਧੀ (20%), ਫਿਰ ਵਾਜਪਾਈ (12%), ਫਿਰ ਨਹਿਰੂ (10%) ਅਤੇ ਅਖ਼ੀਰ 'ਚ ਡਾ. ਮਨਮੋਹਨ ਸਿੰਘ (6%) ਸਨ। ਦੋ ਸੱਭ ਤੋਂ ਮਨਪਸੰਦ ਪ੍ਰਧਾਨ ਮੰਤਰੀ ਉਹੀ ਮੰਨੇ ਗਏ ਹਨ ਜਿਨ੍ਹਾਂ ਦੋਹਾਂ ਨੂੰ ਭਾਸ਼ਨ ਦੇਣ ਦੀ ਕਲਾ ਆਉਂਦੀ ਸੀ। ਇੰਦਰਾ ਗਾਂਧੀ ਨੇ ਐਮਰਜੰਸੀ ਲਿਆਂਦੀ, ਲੋਕਤੰਤਰ ਵਿਚ ਮਨੁੱਖੀ ਅਧਿਕਾਰਾਂ ਨੂੰ ਰੋਲਿਆ, ਸਿੱਖਾਂ ਨਾਲ ਵੈਰ ਕਮਾਇਆ। ਨਰਿੰਦਰ ਮੋਦੀ ਦੇ ਰਾਜ ਵਿਚ ਹਿੰਸਕ ਭੀੜਾਂ ਦਾ ਦੌਰ ਸ਼ੁਰੂ ਹੋਇਆ, ਗੁਜਰਾਤ ਦੰਗੇ ਹੋਏ ਪਰ ਇਹ ਦੋਵੇਂ ਹੀ ਪ੍ਰਧਾਨ ਮੰਤਰੀ, ਲੋਕਾਂ ਨੂੰ ਪਸੰਦ ਹਨ। ਜਿੰਨੇ ਮਾੜੇ ਸਾਡੇ ਸਿਆਸਤਦਾਨ ਸਾਬਤ ਹੁੰਦੇ ਹਨ, ਓਨੇ ਹੀ ਮਾੜੇ ਅਸੀ ਆਪ ਸਾਬਤ ਹੁੰਦੇ ਹਾਂ। ਯੂ.ਪੀ.ਏ. ਅਤੇ ਐਨ.ਡੀ.ਏ. ਦੇ ਕਾਰਜਕਾਲ ਵਿਚੋਂ ਕਿਹੜੇ ਵੇਲੇ ਜ਼ਿਆਦਾ ਵਿਕਾਸ ਹੋਇਆ, ਇਸ ਬਾਰੇ ਦੇਸ਼ ਵਿਚ ਬਹਿਸ ਚਲ ਰਹੀ ਹੈ ਤਾਕਿ ਦਸਿਆ ਜਾ ਸਕੇ ਕਿ ਕਿਸ ਦਾ ਕਾਰਜਕਾਲ ਬਿਹਤਰ ਸੀ। ਕਾਂਗਰਸ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਜੀ.ਡੀ.ਪੀ. ਦਹਾਈ ਦੇ ਅੰਕੜੇ (10 ਪ੍ਰਤੀਸ਼ਤ ਤੋਂ ਵੀ ਉਪਰ) ਤਕ ਪਹੁੰਚ ਗਏ ਸੀ, ਜਦਕਿ ਐਨ.ਡੀ.ਏ. ਅਤੇ ਖ਼ਾਸ ਕਰ ਕੇ ਮੋਦੀ ਸਰਕਾਰ ਹੇਠ ਜੀ.ਡੀ.ਪੀ. ਵਿਚ ਕਮੀ ਆਈ ਹੈ। ਕਾਂਗਰਸ ਦਾ ਦਾਅਵਾ ਕੋਈ ਸਿਆਸੀ ਜੁਮਲਾ ਨਹੀਂ ਬਲਕਿ ਸਰਕਾਰੀ ਰੀਪੋਰਟਾਂ ਵਿਚ ਦਰਜ ਅੰਕੜਿਆਂ ਉਤੇ ਨਿਰਭਰ ਹੈ। ਭਾਜਪਾ ਨੇ ਜਵਾਬ ਵਿਚ ਕਾਂਗਰਸ ਨੂੰ ਸਬਰ ਕਰਨ ਲਈ ਆਖਿਆ ਹੈ ਕਿਉਂਕਿ ਅਜੇ ਇਸ ਰੀਪੋਰਟ ਨੂੰ ਸਰਕਾਰ ਨੇ ਕਬੂਲ ਨਹੀਂ ਕੀਤਾ ਅਤੇ ਅਜੇ ਅੰਕੜੇ ਬਦਲ ਸਕਦੇ ਹਨ। ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਾਂਗਰਸ ਪਾਰਟੀ ਵਿਚਕਾਰ ਇਹ ਵਿਵਾਦ ਸ਼ੁਰੂ ਤੋਂ ਹੀ ਚਲ ਰਿਹਾ ਹੈ। 2014 ਵਿਚ ਵੀ ਇਹ ਅੰਕੜਿਆਂ ਦੀ ਸ਼ਬਦੀ ਜੰਗ ਲੜ ਰਹੇ ਸਨ ਅਤੇ ਤਕਰੀਬਨ ਹਰ ਚੋਣ ਤੋਂ ਪਹਿਲਾਂ ਇਹ ਜੰਗ ਤੇਜ਼ੀ ਫੜ ਲੈਂਦੀ ਹੈ। ਭਾਜਪਾ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਵਿਚ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਵਿਚ ਗਿਣਿਆ ਜਾਣ ਲੱਗਾ ਹੈ। ਕਾਂਗਰਸ ਮੁਤਾਬਕ ਭਾਜਪਾ ਹੇਠ, ਭਾਰਤੀ ਆਰਥਕਤਾ ਕਾਬਲ ਹੱਥਾਂ ਵਿਚ ਨਹੀਂ ਰਹੀ। "ਕਾਬਲ ਹੱਥ ਡਾ. ਮਨਮੋਹਨ ਸਿੰਘ ਦੇ ਸਨ ਪਰ ਅੱਜ ਦੀ ਸਰਕਾਰ ਕੋਲ ਓਨੇ ਮਾਹਰ ਨਹੀਂ ਹਨ ਅਤੇ ਜਿਹੜੇ ਇਨ੍ਹਾਂ ਕੋਲ ਆਏ ਵੀ ਸਨ, ਉਹ ਇਨ੍ਹਾਂ ਨੂੰ ਛੱਡ ਕੇ ਚਲੇ ਗਏ ਹਨ।"-ਚਿਦਾਂਬਰਮ। ਜਿਸ ਦੌਰ ਵਿਚ ਭਾਰਤ ਅੰਦਰ ਤਬਦੀਲੀ ਆਈ ਸੀ, ਉਹ ਅਸਲ ਵਿਚ ਨਰਸਿਮ੍ਹਾ ਰਾਉ ਅਤੇ ਡਾ. ਮਨਮੋਹਨ ਸਿੰਘ ਦਾ ਕਾਰਜਕਾਲ ਸੀ। ਵਾਜਪਾਈ ਦੀ ਸੋਚ ਨੇ ਵੀ ਇਨ੍ਹਾਂ ਦੀ ਸੁਧਾਰਵਾਦੀ ਸੋਚ ਵਾਸਤੇ ਰਸਤਾ ਖੋਲ੍ਹਿਆ ਸੀ। ਪਰ ਲੋਕ ਇਸ ਬਾਰੇ ਕੀ ਕਹਿੰਦੇ ਹਨ, ਉਸ ਵਲ ਧਿਆਨ ਦੇਣਾ ਪਵੇਗਾ ਕਿਉਂਕਿ ਅੰਤ ਫ਼ੈਸਲਾ ਤਾਂ ਲੋਕ ਹੀ ਕਰਦੇ ਹਨ। ਇਕ ਨਾਮੀ ਰਸਾਲੇ ਵਲੋਂ ਰਾਸ਼ਟਰੀ ਸਰਵੇਖਣ ਕਰਵਾਇਆ ਗਿਆ ਜਿਸ ਵਿਚ ਆਮ ਭਾਰਤੀਆਂ ਤੋਂ ਪੁਛਿਆ ਗਿਆ ਕਿ ਦੇਸ਼ ਵਿਚ ਸੱਭ ਤੋਂ ਵਧੀਆ ਪ੍ਰਧਾਨ ਮੰਤਰੀ ਕੌਣ ਰਹੇ ਹਨ ? ਪਹਿਲੇ ਸਥਾਨ ਤੇ ਨਰਿੰਦਰ ਮੋਦੀ (26%), ਫਿਰ ਇੰਦਰਾ ਗਾਂਧੀ (20%), ਫਿਰ ਵਾਜਪਾਈ (12%), ਫਿਰ ਨਹਿਰੂ (10%) ਅਤੇ ਅਖ਼ੀਰ 'ਚ ਡਾ. ਮਨਮੋਹਨ ਸਿੰਘ (6%) ਸਨ।